ਪੰਜਾਬ ਸਕੂਲ ਸਿੱਖਿਆ ਬੋਰਡ
**Punjab School Education Board**

ਦਫ਼ਤਰ : 0172-5227117
Email : secretary.pseb@punjab.gov.in

ਗੁਰਿੰਦਰ ਸਿੰਘ ਸੋਢੀ
ਪੀ.ਸੀ.ਐਸ
ਸਕੱਤਰ

**Gurinder Singh Sodhi**
PCS
Secretary

ਵਿੱਦਿਆ ਭਵਨ, ਫੇਜ਼ 8
ਐਸ.ਏ.ਐਸ. ਨਗਰ (ਮੋਹਾਲੀ), 160062, ਪੰਜਾਬ
Vidya Bhawan, Phase 8,
S.A.S. Nagar (Mohali)-160062
Punjab

ਅ.ਸ.ਪੱਤਰ ਨੰ: 55
D.O. No. :
ਮਿਤੀ : 02/9/2025
Date :

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈ ਸਿ)
ਸਮੂਹ ਜਿਲ੍ਹਾ ਸਿੱਖਿਆ ਅਫਸਰ(ਐ ਸਿ)
ਪੰਜਾਬ।

ਵਿਸ਼ਾ:- **ਅੰਤਰ-ਰਾਸ਼ਟਰੀ ਪੰਜਾਬੀ ਬੋਲੀ ਉਲੰਪਿਆਡ ਵਿੱਚ ਵੱਧ ਤੋਂ ਵੱਧ ਵਿਦਿਆਰਥੀਆਂ ਦੀ ਰਜਿਸਟ੍ਰੇਸ਼ਨ ਕਰਵਾਉਣ ਸਬੰਧੀ।**

ਉਪਰੋਕਤ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਮਾਂ ਬੋਲੀ ਪੰਜਾਬੀ ਦੇ ਵਿਕਾਸ ਲਈ ਨਿਰੰਤਰ ਯਤਨਸ਼ੀਲ ਹੈ ਅਤੇ ਇਸ ਮੰਤਵ ਦੀ ਪੂਰਤੀ ਹਿੱਤ ਹਰ ਸਾਲ ਅੰਤਰਰਾਸ਼ਟਰੀ ਪੰਜਾਬੀ ਬੋਲੀ ਉਲੰਪਿਆਡ ਕਰਵਾਇਆ ਜਾ ਰਿਹਾ ਹੈ। ਪਿਛਲੇ ਦੋ ਸਾਲਾਂ ਵਿੱਚ ਕਾਫ਼ੀ ਗਿਣਤੀ ਵਿਦਿਆਰਥੀ ਨੇ ਇਸ ਮੁਕਾਬਲੇ ਵਿੱਚ ਭਾਗ ਲਿਆ ਹੈ। ਇਸ ਸਾਲ ਮੁਕਾਬਲੇ ਅੰਦਰ ਕੁਝ ਤਬਦੀਲੀਆਂ ਕਰਕੇ ਇਸਦਾ ਮੁਹਾਂਦਰਾ ਹੋਰ ਨਿਖਾਰਿਆ ਗਿਆ ਹੈ। ਇਨਾਮਾਂ ਦੀ ਗਿਣਤੀ ਵਿੱਚ ਵੀ ਵਾਧਾ ਕੀਤਾ ਗਿਆ ਹੈ। ਬੋਰਡ ਇਸ ਵਾਰ ਵੱਧ ਤੋਂ ਵੱਧ ਵਿਦਿਆਰਥੀਆਂ ਨੂੰ ਇਸ ਮੁਕਾਬਲੇ ਨਾਲ ਜੋੜਨਾ ਚਾਹੁੰਦਾ ਹੈ।

ਇਸ ਸਬੰਧੀ ਨਿੱਜੀ ਤੌਰ ਤੇ ਰੁਚੀ ਲੈਂਦੇ ਹੋਏ ਆਪਣੇ ਜਿਲ੍ਹੇ ਦੇ ਹਰੇਕ ਸਕੂਲ ਵਿੱਚ ਘੱਟੋ-ਘੱਟ ਤਿੰਨ ਵਿਦਿਆਰਥੀਆਂ ਪ੍ਰਤੀ ਵਰਗ ਦੀ ਰਜਿਸਟ੍ਰੇਸ਼ਨ ਕਰਵਾਉਣੀ ਯਕੀਨੀ ਬਣਾਉਣ ਲਈ ਲੋੜੀਂਦੇ ਉਪਰਾਲੇ ਕੀਤੇ ਜਾਣ। ਇਸ ਤੋਂ ਇਲਾਵਾ ਇਸ ਉਲੰਪਿਆਡ ਲਈ ਜ਼ਿਲ੍ਹਾ ਪੱਧਰ 'ਤੇ ਕਿਸੇ ਯੋਗ ਪੰਜਾਬੀ ਮਾਹਿਰ ਨੂੰ ਕੋਆਰਡੀਨੇਟਰ ਲਗਾ ਕੇ ਮਾਹਿਰ ਦਾ ਨਾਂ, ਫੋਨ ਨੰਬਰ ਅਤੇ ਈ.ਮੇਲ ਆਈ ਡੀ, ਬੋਰਡ ਦਫਤਰ ਨੂੰ ਦਫਤਰੀ E.mail: punjabicellpseb@gmail.com ਤੇ ਭੇਜੀ ਜਾਵੇ। ਉਲੰਪਿਆਡ ਲਈ ਆਨਲਾਈਨ ਰਜਿਸਟ੍ਰੇਸ਼ਨ ਕਰਨ ਲਈ ਬੋਰਡ ਦੀ ਵੈੱਬਸਾਈਟ (www.pseb.ac.in) ਉੱਪਰ ਲਿੰਕ ਮੌਜੂਦ ਹੈ, ਜੋ ਕਿ ਮਿਤੀ:31.10.2025 ਤੱਕ ਉਪਲੱਬਧ ਰਹੇਗਾ।

ਸਕੱਤਰ, 02/09/25
ਪੰਜਾਬ ਸਕੂਲ ਸਿੱਖਿਆ ਬੋਰਡ,
ਫੇਸ-8, ਮੋਹਾਲੀ।

ਉਕਤ ਦਾ ਉਤਾਰਾ ਹੇਠ ਦਰਜ ਅਧਿਕਾਰੀਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਡਾਇਰੈਕਟਰ ਸਕੂਲ ਸਿੱਖਿਆ ((ਸੈ ਸਿ) ,ਪੰਜਾਬ
2. ਡਾਇਰੈਕਟਰ ਸਕੂਲ ਸਿੱਖਿਆ (ਐ ਸਿ) ,ਪੰਜਾਬ
3. ਡਾਇਰੈਕਟਰ ਐਸ.ਸੀ.ਈ.ਆਰ.ਟੀ, ਪੰਜਾਬ

**ਦਫ਼ਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)ਬਠਿੰਡਾ**
ਪਿੱਠ ਅੰਕਣ ਨੰ ਸੀ-1/1 (2025/ ... 1694 ਮਿਤੀ 04/09/25
ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਨੂੰ , ਲਿਖਕੇ ਭੇਜਿਆ ਜਾਂਦਾ ਹੈ ਕਿ ਉਕਤ ਅਨੁਸਾਰ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਹਰੇਕ ਸਕੂਲ ਘੱਟੋ-ਘੱਟ ਤਿੰਨ ਵਿਦਿਆਰਥੀਆਂ ਪ੍ਰਤੀ ਵਰਗ ਦੀ ਰਜਿਸਟ੍ਰੇਸ਼ਨ ਕਰਵਾਉਣੀ ਯਕੀਨੀ ਬਣਾਉਣ।ਵਧੇਰੇ ਜਾਣਕਾਰੀ ਲਈ ਜਿਲ੍ਹਾ ਕੋਆਰਡੀਨੇਟਰ ਸ਼੍ਰੀ ਕੁਲਵਿੰਦਰ ਸਿੰਘ (ਹੈਡਮਾਸਟਰ ਸਹਸ ਲਹਿਰਾ ਬੇਗਾ ) ਨਾਲ ਸੰਪਰਕ **8146587512** ਕਰ ਸਕਦੇ ਹੋ ।

**ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.)**
**ਬਠਿੰਡਾ**
04/09/25